Guru Kashi

# Department of Languages

*Report of the Academic Activities*

## 02 SEP 2021 TO 30 SEP 2021

**Punjabi University Patiala South Campus**
**Talwandi Sabo (Damdama Sahib)**


**Formation of the Department of Languages on Sep2, 2021 by Hon'ble Vice-Chancellor Prof Arvind**

Incharge


Guru Kashi Dept of Languages,
PUPDC Talwandi Sabo


# Date: Sep 05, 2021


# Event: Celebration of Teacher's Day at Punjabi University Patiala South Campus, Talwandi Sabo (online)




Ravi Kumar entered the waiting room
Admit
View
Kumar Sushil
Jassi Khan 786
Dr. Harpreet Singh
Participants
Polls
Chat
Share Screen
Pause/Stop Recording
Closed Caption
Reactions


user
Vikas Deep
Dr. Kuldeep Singh
Dr. Rajwinder Si...
Dr. Rajwinder Singh
Dr Amandeep Kaur Sarao
Kumar Sushil
HS S
PARMOD KUM...
PARMOD KUMAR AGGARWAL
Rakesh Jindal
Amandeep Kaur
Amandeep Kaur
Supanpreet Singh
Jassi Khan 786
Dr. Harpreet Singh
Dr. Ram Krishan
Dr. Ram Krishan
Dr.J.K. Gulati
Jaspreet Kaur
Jaspreet Kaur
A G
Narinder Pal Singh
39475b4d
39475b4d
K
Kinneri Jain
Baldev Shergill
Anand Bansal
sumit garg
B
Bal Krishan
ਬਚਿੱਤਰ ਸਿੰਘ


LIVE
on Facebook
pc entered the waiting room
Admit
View
JK
From Jasraj Kaur to Everyone
Happy Teachers' Day to all torch bearer of society
Security
Participants
Polls
Chat
Share Screen
Pause/Stop Recording



Participants
Polls
Chat
Share Screen
Pause/Stop Recording
Closed Caption
31°C

# Date: 09/09/2021

**Event:** **Celebration of Birthday of Paash, a renowned Punjabi Poet**

**Special Lecture by Dr Sumail Singh Sidhu, Presided over by Campus Director Dr Gursharn Singh Randhawa**












ਪੰਜਾਬੀ ਯੂਨੀਵਰਸਿਟੀ ਦੱਖਣੀ ਕੈਂਪਸ ਤਲਵੰਡੀ ਸਾਬੋ ਵਿਖੇ

# ਅਵਤਾਰ ਪਾਸ਼ ਦਾ ਜਨਮ ਦਿਹਾੜਾ ਮਨਾਇਆ

ਤਲਵੰਡੀ ਸਾਬੋ, 12 ਸੰਤਬਰ (ਗੁਰਜੰਟ ਸਿੰਘ ਨਥੇਹਾ)- ਪੰਜਾਬੀ ਯੂਨੀਵਰਸਿਟੀ ਪਟਿਆਲਾ ਦੱਖਣੀ ਕੈਂਪਸ

ਆਵਾਜ਼ਿ ਕੌਮ
AWAZE QAUM
International Newspaper & WEB TV

ਤਲਵੰਡੀ ਸਾਬੋ ਦੇ ਗੁਰੂ ਕਾਸ਼ੀ ਭਾਸ਼ਾਵਾਂ ਵਿਭਾਗ ਦੁਆਰਾ ਜੁਝਾਰਵਾਦੀ ਕਵੀ ਅਵਤਾਰ ਪਾਸ਼ ਦਾ ਜਨਮ ਦਿਹਾੜਾ ਮਨਾਇਆ ਗਿਆ। ਇਸ ਪ੍ਰੋਗਰਾਮ ਦੀ ਪ੍ਰਧਾਨਗੀ ਕੈਂਪਸ ਡਾਇਰੈਕਟਰ ਗੁਰਸ਼ਰਨ ਸਿੰਘ ਰੰਧਾਵਾ ਨੇ ਕੀਤੀ। ਇਸ ਮੌਕੇ ਤੇ ਲੋਕਪੱਖੀ ਵਿਦਵਾਨ ਡਾ. ਸੁਮੇਲ ਸਿੰਘ ਸਿੱਧੂ ਨੇ ਕੰਵਲ ਪਾਸ਼ ਦੇ ਸਾਹਿਤ ਸਰੋਕਾਰ ਵਿੱਚ ਪੰਜਾਬੀ ਪਿੰਡ ਦੀ ਹਸਤੀ ਵਿਸ਼ੇ ਤੇ ਭਾਸ਼ਣ ਦਿੱਤਾ। ਇਹ ਭਾਸ਼ਣ ਪ੍ਰਸਿੱਧ ਵਿਦਵਾਨ ਅਤੇ ਦਰਸ਼ਨ ਸ਼ਾਸਤਰੀ ਰੇਮੰਡ ਵਿਲੀਅਮਜ਼ ਦੇ ਜਨਮ ਦੀ 100ਵੀਂ ਵਰ੍ਹੇਗੰਢ ਨੂੰ ਸਮਰਪਿਤ ਕੀਤਾ ਗਿਆ। ਆਪਣੇ ਭਾਸ਼ਣ ਵਿੱਚ ਡਾ. ਸਿੱਧੂ ਨੇ ਲੋਕਪੱਖੀ ਲੇਖਕਾਂ ਅਤੇ ਵਿਚਾਰਕਾਂ ਦੀ ਪਿੰਡ ਪ੍ਰਤੀ ਸਮਝ ਦਾ ਜ਼ਿਕਰ ਕੀਤਾ ਤੇ ਉਹਨਾਂ ਨੇ ਇਹ ਵੀ ਜ਼ੋਰ ਦੇ ਕੇ ਕਿਹਾ ਕਿ ਪਾਸ਼, ਰੇਮੰਡ ਅਤੇ ਜਸਵੰਤ ਕੰਵਲ ਤਿੰਨੋ ਹੀ ਸਧਾਰਨ ਪਰਿਵਾਰਾਂ ਵਿੱਚ ਜਨਮ ਲੈ ਕੇ ਲੋਕਾਈ ਦੀ ਬੇਹਤਰੀ ਲਈ ਆਪਣਾ ਬਣਦਾ ਯੋਗਦਾਨ ਪਾਉਂਦੇ ਰਹੇ। ਭਾਸ਼ਣ ਤੋਂ ਬਾਅਦ ਭਰਵੀਂ ਵਿਚਾਰ ਚਰਚਾ ਅਤੇ ਸਵਾਲ ਜਵਾਬ ਹੋਏ। ਡਾ. ਬਲਦੇਵ ਸਿੰਘ ਨੇ ਵਿਚਾਰ ਚਰਚਾ ਦੀ ਸ਼ੁਰੂਆਤ ਕੀਤੀ ਅਤੇ ਡਾ. ਅਮਨਦੀਪ ਸਿੰਘ ਮੁਖੀ, ਸੋਸ਼ਲ ਸਾਇੰਸਜ਼ ਵਿਭਾਗ ਨੇ ਸਵਾਲਾਂ ਦੀ ਲੜੀ ਨੂੰ ਅੱਗੇ ਤੋਰਿਆ। ਕੈਂਪਸ ਡਾਇਰੈਕਟਰ ਨੇ ਪਾਸ਼ ਬਾਰੇ ਆਪਣੇ ਨਿੱਜੀ ਤਜ਼ਰਬਿਆਂ ਨੂੰ ਸਾਂਝਾ ਕੀਤਾ ਅਤੇ ਪਾਸ਼ ਨਾਲ ਜੁੜੀਆਂ ਯਾਦਾਂ ਰਾਹੀਂ ਪਾਸ਼ ਦੀ ਵਿਚਾਰਧਾਰਾ ਅਤੇ ਲਿਖਤਾਂ ਬਾਰੇ ਦੱਸਿਆ ਅਤੇ ਇਸ ਤਰ੍ਹਾਂ ਦੇ ਪ੍ਰੋਗਰਾਮਾਂ ਨੂੰ ਜਾਰੀ ਰੱਖਣ ਦਾ ਯਕੀਨ ਦਿਵਾਇਆ। ਡਾ. ਸੰਦੀਪ ਰਾਣਾ ਨੇ ਮੰਚ ਸੰਚਾਲਕ ਦੀ ਭੂਮਿਕਾ ਨਿਭਾਈ। ਡਾ. ਭਾਵਨਾ ਸ਼ਰਮਾ, ਡਾ. ਮਨਮਿੰਦਰ ਕੌਰ, ਡਾ. ਵੀਰਪਾਲ ਕੌਰ, ਸ਼੍ਰੀਮਤੀ ਦੀਪਕ ਗਿਰਧਰ ਇਸ ਪ੍ਰੋਗਰਾਮ ਵਿੱਚ ਸ਼ਾਮਿਲ ਹੋਏ। ਅੰਤ ਵਿੱਚ ਡਾ. ਸੁਸ਼ੀਲ ਕੁਮਾਰ ਮੁਖੀ ਗੁਰੂ ਕਾਸ਼ੀ ਭਾਸ਼ਾਵਾਂ ਵਿਭਾਗ ਨੇ ਪ੍ਰੋਗਰਾਮ ਵਿੱਚ ਸ਼ਾਮਿਲ ਹੋਏ ਸਾਰੇ ਬੁਲਾਰਿਆਂ, ਅਧਿਆਪਕਾਂ ਅਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ।

# Media Coverage

# Date: Sep 11, 2021

**Dr Sushil Kumar Presided over a program regarding the celebration of Birthday of Paash at Punjabi University College, Ghudda (Bathinda)**






**ਸਮਾਗਮ** | **ਯੂਨੀਵਰਸਿਟੀ ਕਾਲਜ ਘੁੱਦਾ ਵਿਖੇ ਪਾਸ਼ ਯਾਦਗਾਰੀ ਉਤਸਵ ਮਨਾਇਆ**

# ਲੋਕਾਂ ਨਾਲ ਪਿਆਰ ਕਰਨਾ ਸਿਖਾਉਂਦੈ ਪਾਸ਼ : ਸਿੱਧੂ

**ਸੁਖਜਿੰਦਰ ਰੋਮਾਣਾ, ਸੰਗਤ ਮੰਡੀ**



ਯੂਨੀਵਰਸਿਟੀ ਕਾਲਜ ਘੁੱਦਾ ਵਿਖੇ ਸੁਮੇਲ ਸਿੰਘ ਸਿੱਧੂ ਨਾਲ ਹਾਜ਼ਰ ਅਧਿਆਪਕ।



**ਸੰਬੋਧਨ ਕਰਦਿਆਂ ਮੁੱਖ ਬੁਲਾਰੇ ਸੁਮੇਲ ਸਿੰਘ ਸਿੱਧੂ।**

ਪੰਜਾਬੀ ਯੂਨੀਵਰਸਿਟੀ ਕਾਲਜ ਘੁੱਦਾ (ਬਠਿੰਡਾ) ਵਿਖੇ ਪਾਸ਼ ਯਾਦਗਾਰੀ ਉਤਸਵ ਮਨਾਇਆ ਗਿਆ। ਇਸ ਮੌਕੇ ਪਾਸ਼ ਦੀਆਂ ਲਿਖਤਾਂ ਤੇ ਜੀਵਨ 'ਤੇ ਵਿਚਾਰ-ਵਟਾਂਦਰਾ ਕੀਤਾ ਗਿਆ। ਇਸ ਸਮਾਗਮ 'ਚ ਮੁੱਖ ਬੁਲਾਰੇ ਵਜੋਂ ਡਾ. ਸੁਮੇਲ ਸਿੰਘ ਸਿੱਧੂ ਨੇ ਸ਼ਿਰਕਤ ਕੀਤੀ। ਸਮਾਰੋਹ ਦੀ ਪ੍ਰਧਾਨਗੀ ਡਾ. ਸੁਸ਼ੀਲ ਕੁਮਾਰ ਮੁਖੀ ਭਾਸ਼ਾ ਫੈਕਲਟੀ ਸਊਥ ਕੈਂਪਸ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਕੀਤੀ। ਸਮਾਰੋਹ ਦੇ ਅਰੰਭ ਵਿਚ ਕੰਧ ਪੱਤ੍ਰਿਕਾ ਦਾ ਨਵਾਂ ਅੰਕ ਵੀ ਜਾਰੀ ਕੀਤਾ ਗਿਆ। ਇਸ ਅੰਕ ਦੀ ਸੰਪਾਦਨਾ ਪ੍ਰੋ. ਰਾਜਵੀਰ ਕੌਰ ਨੇ ਕੀਤੀ ਹੈ। ਇਸ ਸਮੇਂ ਕਾਲਜ ਦੇ ਪ੍ਰਿੰਸੀਪਲ ਡਾ. ਜਸਪਾਲ ਸਿੰਘ ਅਤੇ ਪੰਜਾਬੀ ਵਿਭਾਗ ਦੇ ਮੁਖੀ ਡਾ. ਨੀਰੂ ਅਰੋੜਾ ਮੌਜੂਦ ਰਹੇ। ਡਾ. ਨੀਰੂ ਨੇ ਮੰਚ ਤੋਂ ਮਹਿਮਾਨਾਂ ਨੂੰ ਜੀ ਆਇਆਂ ਆਖਿਆ। ਵਿਦਿਆਰਥੀਆਂ ਪੂਨਮ, ਗੁਰਪ੍ਰੀਤ, ਬਲਜੀਤ, ਸ਼ਾਲੂ ਅਤੇ ਸਿੰਮੀ ਨੇ ਪਾਸ਼ ਦੀਆਂ ਲਿਖਤਾਂ ਦਾ ਪਾਠ ਕੀਤਾ। ਮੁੱਖ ਬੁਲਾਰੇ ਡਾ. ਸੁਮੇਲ ਸਿੰਘ ਸਿੱਧੂ ਨੇ ਅਜੋਕੇ ਦੌਰ ਵਿਚ ਪਾਸ਼ ਦੀ ਸਾਰਥਿਕਤਾ ਬਿਆਨ ਕੀਤੀ ਅਤੇ ਕਿਹਾ ਕਿ ਪਾਸ਼ ਆਪਣੇ ਲੋਕਾਂ ਨੂੰ ਪਿਆਰ ਕਰਨਾ ਸਿਖਾਉਂਦਾ ਹੈ। ਡਾ. ਸੁਸ਼ੀਲ ਨੇ ਆਪਣਾ ਪ੍ਰਧਾਨਗੀ ਭਾਸ਼ਣ ਦਿੰਦੇ ਹੋਏ ਅਜੋਕੇ ਕਿਸਾਨੀ ਸੰਕਟ ਨਾਲ ਜੋੜ ਕੇ ਪਾਸ਼ ਦੀ ਅਹਿਮੀਅਤ ਬਿਆਨ ਕੀਤੀ। ਪ੍ਰਿੰਸੀਪਲ ਡਾ. ਜਸਪਾਲ ਸਿੰਘ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਕਾਲਜ ਭਵਿੱਖ ਵਿਚ ਵੀ ਅਜਿਹੇ ਸਮਾਗਮ ਕਰਵਾਉਂਦਾ ਰਹੇਗਾ ਤਾਂ ਜੋ ਪੇਂਡੂ ਵਿਦਿਆਰਥੀਆਂ ਨੂੰ ਜੀਵਨ ਸੇਧ ਦਿੱਤੀ ਜਾ ਸਕੇ। ਡਾ. ਗੁਰਪ੍ਰੀਤ ਸਿੰਘ ਨੇ ਸਟੇਜ ਸੰਚਾਲਨ ਕੀਤਾ। ਇਸ ਸਮਾਗਮ ਦੌਰਾਨ ਪੰਜਾਬੀ ਵਿਭਾਗ ਦੇ ਸਾਰੇ ਅਧਿਆਪਕ ਅਤੇ ਹੋਰਨਾ ਵਿਭਾਗਾਂ ਦੇ ਅਧਿਆਪਕ ਵੀ ਮੌਜੂਦ ਰਹੇ।

# पाश हमें अपने लोगों से प्यार करना सिखाता है : डॉ. सुमेल सिंह सिधू



**बठिंडा** | पंजाबी यूनिवर्सिटी कॉलेज घुद्दा में पाश यादगारी उत्सव मनाया गया जिसमें पाश के लेखन का पाठ किया गया और समकाल में विद्यार्थियों की भूमिका - वाया पाश जीवन व लेखन विषय पर विचार-चर्चा की गई। समारोह के मुख्य वक्ता डॉ. सुमेल सिंह सिद्धू ने वर्तमान दौर में पाश की सार्थकता बयान की और कहा कि पास हमें अपने लोगों को प्यार करना सिखाता है। समारोह की अध्यक्षता पंजाबी यूनिवर्सिटी पटियाला के साउथ कैंपस भाषा फैकल्टी के मुखी डॉ. सुशील कुमार ने की। उन्होंने आज के युग को किसानी संकट से जोड़कर पाश की अहमियत बयान की। प्रिंसिपल डॉ. जसपाल सिंह ने मेहमानों का आभार जताते कहा कि भविष्य में ऐसे समागम करवाए जाएंगे ताकि ग्रामीण विद्यार्थियों का मार्गदर्शन किया जा सके। इस दौरान कंध पत्रिका का पाश विशेष अंक रिलीज किया गया। इस अंक का संपादन प्रो. राजवीर कौर ने किया। पंजाबी विभाग के मुखी डॉ. नीरू अरोड़ा ने मेहमानों का अभिनंदन किया।

# Media Coverage

# Preparation for Admissions in MA Punjabi MA English




## ਗੁਰੂ ਕਾਸ਼ੀ ਭਾਸ਼ਾਵਾਂ ਵਿਭਾਗ

## ਪੰਜਾਬੀ ਯੂਨੀਵਰਸਿਟੀ ਪਟਿਆਲਾ ਦੱਖਣੀ ਕੈਂਪਸ, ਤਲਵੰਡੀ ਸਾਬੋ

# ਦਾਖਲਾ ਸ਼ੁਰੂ

# ਐਮ.ਏ. ਪੰਜਾਬੀ (30 ਸੀਟਾਂ)

# ਐਮ.ਏ ਅੰਗਰੇਜ਼ੀ (30 ਸੀਟਾਂ)

**ਸੀਮਿਤ ਸੀਟਾਂ, ਵਾਜਬ ਫੀਸ (ਐਸ.ਸੀ ਵਿਦਿਆਰਥੀਆਂ ਦੀ ਫੀਸ ਮਾਫ)**

ਸੰਪਰਕ:- ਡਾ. ਵੀਰਪਾਲ ਕੌਰ 9465364469, ਡਾ. ਕੁਲਦੀਪ ਸਿੰਘ 99153-88824,

ਡਾ. ਸੁਸ਼ੀਲ ਕੁਮਾਰ 94174-05636

# Date: Sep 24, 2021

## Event: Ru-b-ru Sandeep Sidhu (Chita Sidhu)





ਗੁਰੂ ਕਾਸ਼ੀ ਭਾਸ਼ਾਵਾਂ ਵਿਭਾਗ ਵੱਲੋਂ ਉੱਭਰ ਰਹੇ ਨੌਜਵਾਨ ਸਾਹਿਤਕਾਰ ਚਿੱਟਾ ਸਿੱਧੂ ਉਰਫ ਸੰਦੀਪ ਸਿੱਧੂ ਨਾਲ਼ ਰੂਬਰੂ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਦੀ ਪ੍ਰਧਾਨਗੀ ਵਿਦਵਾਨ ਸਾਹਿਤਕਾਰ ਜਸਪਾਲ ਮਾਨਖੇੜਾ ਜੀ ਨੇ ਕੀਤੀ। ਵਿਭਾਗ ਦੇ ਇੰਚਾਰਜ ਡਾ. ਸੁਸ਼ੀਲ ਕੁਮਾਰ ਨੇ ਆਏ ਹੋਏ ਸਾਰੇ ਵਿਦਵਾਨਾਂ ਨੂੰ ਜੀ ਆਇਆਂ ਨੂੰ ਕਿਹਾ ਅਤੇ ਡਾ. ਮਨਮਿੰਦਰ ਕੌਰ ਨੇ ਵਾਰਤਕਕਾਰ ਸੰਦੀਪ ਸਿੱਧੂ ਜੀ ਨਾਲ਼ ਉਹਨਾਂ ਦੀ ਪੁਸਤਕ ਅਤੇ ਰਚਨਾ ਪ੍ਰਕ੍ਰਿਆ ਬਾਰੇ ਗੱਲਬਾਤ ਕੀਤੀ। ਜਸਪਾਲ ਮਾਨਖੇੜਾ ਜੀ ਨੇ ਵਿਦਿਆਰਥੀਆਂ ਨੂੰ ਇਸ ਨੌਜਵਾਨ ਸਾਹਿਤਕਾਰ ਤੋਂ ਸਾਹਿਤ ਪੜ੍ਹਨ ਦੀ ਪ੍ਰੇਰਨਾ ਲੈਣ ਲਈ ਪ੍ਰੇਰਿਤ ਕੀਤਾ। ਮੰਚ ਸੰਚਾਲਨ ਡਾ. ਸੰਦੀਪ ਰਾਣਾ ਵੱਲੋਂ ਕੀਤਾ ਗਿਆ।






QATAR
AIRWAYS



**Book Exhibition on 24 Sep, 2021**




# Media Coverage

# Publication of the Article by Dept of Languages faculty Dr Sandeep Rana on Sep 9, 2021

# ਪਾਸ਼ ਆਪਣੀ ਡਾਇਰੀ ਦੇ ਝਰੋਖੇ 'ਚੋਂ

## ਨਕਸਲਬਾੜੀ ਲਹਿਰ ਵੇਲੇ ਪਾਸ਼ ਨੂੰ ਜੁਝਾਰਵਾਦੀ ਕਵੀ ਵਜੋਂ ਪਛਾਣ ਮਿਲੀ ਸੀ

**ਪਾਸ਼ ਦਾ** ਅਸਲ ਨਾਮ ਅਵਤਾਰ ਸਿੰਘ ਸੰਧੂ ਸੀ। ਉਹ ਉਸ ਸਾਹਿਤਕ ਰੁਝਾਨ ਦਾ ਕਵੀ ਸੀ ਜਿਸ ਨੂੰ ਜੁਝਾਰਵਾਦੀ ਧਾਰਾ ਦੇ ਨਾਮ ਨਾਲ ਜਾਣਿਆ ਜਾਂਦਾ ਹੈ ਜੋ ਉਸ ਸਮੇਂ ਸ਼ੁਰੂ ਹੋਈ ਨਕਸਲੀ ਲਹਿਰ ਤੋਂ ਪ੍ਰਭਾਵਿਤ ਸੀ। ਜਦੋਂ 1964 ਵਿਚ ਉਸ ਦਾ ਮੇਲ-ਜੋਲ ਖੱਬੇ-ਪੱਖੀ ਸਿਆਸੀ ਕਾਰਕੁਨਾਂ ਨਾਲ ਹੋਇਆ ਤਾਂ ਉਸ ਨੇ ਪੜ੍ਹਾਈ ਅੱਧ-ਵਿਚਾਲੇ ਛੱਡ ਦਿੱਤੀ। ਉਸ ਦੀ ਪਹਿਲੀ ਕਿਤਾਬ 'ਲੋਹ ਕਥਾ' 1970 ਵਿੱਚ ਪ੍ਰਕਾਸ਼ਿਤ ਹੋਈ ਜੋ ਨਕਸਲੀ ਲਹਿਰ ਤੋਂ ਪ੍ਰਭਾਵਿਤ ਕਵਿਤਾਵਾਂ ਦਾ ਸੰਗ੍ਰਹਿ ਸੀ।

ਇਸ ਤਰ੍ਹਾਂ ਦੀਆਂ ਉਕਸਾਊ ਸੁਭਾਅ ਦੀਆਂ ਕਵਿਤਾਵਾਂ ਲਿਖਣ ਕਾਰਨ ਉਸ 'ਤੇ ਕਤਲ ਦਾ ਝੂਠਾ ਕੇਸ ਪਾ ਦਿੱਤਾ ਗਿਆ ਜਿਸ ਕਾਰਨ ਉਸ ਨੂੰ ਦੋ ਸਾਲ ਦੀ ਜੇਲ੍ਹ ਹੋਈ। ਬਰੀ ਹੋਣ ਤੋਂ ਬਾਅਦ ਉਹ ਇਸੇ ਲਹਿਰ ਨਾਲ ਜੁੜਿਆ ਰਿਹਾ। ਉਸ ਦੀਆਂ ਕਵਿਤਾਵਾਂ ਕਾਰਨ ਵਿਦਿਆਰਥੀਆਂ, ਕਮਿਊਨਿਸਟਾਂ ਅਤੇ ਖੱਬੇ-ਪੱਖੀ ਬੁੱਧੀਜੀਵੀਆਂ ਵਿਚ ਉਸ ਦੀ ਪਛਾਣ ਇਕ ਜੁਝਾਰਵਾਦੀ ਸੰਵੇਦਨਸ਼ੀਲ ਕਵੀ ਵਜੋਂ ਬਣ ਗਈ। ਭਾਵੇਂ ਇਸ ਸਮੇਂ ਉਸ ਦੇ ਆਰਥਿਕ ਹਾਲਾਤ ਚੰਗੇ ਨਹੀਂ ਸਨ ਪਰ ਫਿਰ ਵੀ ਉਸ ਨੇ 1976 ਵਿਚ ਦੁਬਾਰਾ ਪੜ੍ਹਾਈ ਸ਼ੁਰੂ ਕੀਤੀ ਅਤੇ ਦਸਵੀਂ, ਗਿਆਨੀ ਅਤੇ ਜੇਬੀਟੀ ਪਾਸ ਕੀਤੀ।

ਜ਼ਿੰਦਗੀ ਜਿਊਣ ਲਈ ਲੋੜੀਂਦੇ ਸਰੋਤ ਨਾ ਹੋਣ ਕਾਰਨ ਪਾਸ਼ ਦਾ ਵਿਅਕਤੀਤਵ ਬਚਪਨ ਤੋਂ ਹੀ ਪ੍ਰਭਾਵਿਤ ਹੋਇਆ। ਡਾ. ਤੇਜਵੰਤ ਸਿੰਘ ਗਿੱਲ ਦੀ ਪੁਸਤਕ 'ਪਾਸ਼: ਜੀਵਨ ਤੇ ਰਚਨਾ' ਅਨੁਸਾਰ ਪਾਸ਼ ਸੁਭਾਅ ਦੇ ਗੁਣਾਂ-ਔਗੁਣਾਂ ਪੱਖੋਂ ਦਰਮਿਆਨਾ, ਦ੍ਰਿੜ੍ਹ ਇਰਾਦਾ ਸ਼ਕਤੀ ਪ੍ਰਤੀ ਲਗਪਗ ਅਸਮਰੱਥ, ਨਿੱਜੀ ਬਿਹਤਰੀ ਲਈ ਕੋਸ਼ਿਸ਼ਾਂ ਨਾਂਹ ਦੇ ਬਰਾਬਰ, ਵਧੇਰੇ ਕਰਕੇ ਆਪੇ ਵਿਚ ਮਸਤ ਰਹਿਣ ਵਾਲਾ ਅਤੇ ਮੂਡ ਦਾ ਗ਼ੁਲਾਮ ਵਿਅਕਤੀ ਹੈ। ਉਸ ਦੇ ਇਸੇ ਸੁਭਾਅ ਦੀ ਝਲਕ ਉਸ ਦੀ ਡਾਇਰੀ ਤੋਂ ਮਿਲਦੀ ਹੈ। ਮੂਡੀ ਹੋਣ ਕਾਰਨ ਉਸ ਨੇ ਇਹ ਡਾਇਰੀ ਵੀ ਲਗਾਤਾਰਤਾ ਵਿਚ ਨਹੀਂ ਸਗੋਂ ਮੂਡ ਅਨੁਸਾਰ ਹੀ ਲਿਖੀ ਸੀ।

ਇਸ ਡਾਇਰੀ ਨੂੰ ਅਮਰਜੀਤ ਚੰਦਨ ਨੇ ਸੰਪਾਦਿਤ ਕੀਤਾ ਅਤੇ 'ਆਪਣੇ ਨਾਲ ਗੱਲਾਂ' ਸਿਰਲੇਖ ਹੇਠ ਪ੍ਰਕਾਸ਼ਿਤ ਕਰਵਾਇਆ। ਡਾਇਰੀ ਦੀ ਪੜ੍ਹਤ ਸ਼ੁਰੂ ਕਰਦਿਆਂ ਹੀ ਪਾਸ਼ ਦੀ ਮੂਡੀ ਸ਼ਖ਼ਸੀਅਤ, ਮਸਤ ਵਿਅਕਤੀ ਅਤੇ ਸਮਾਜ ਤੋਂ ਕੁਝ ਕੁ ਔਖੇ ਤੇ ਨਾਰਾਜ਼ ਵਿਅਕਤੀਤਵ ਦੇ ਦਰਸ਼ਨ ਪਾਠਕ ਨੂੰ ਹੁੰਦੇ ਹਨ। ਅਜਿਹੀ ਸ਼ਖ਼ਸੀਅਤ ਅਤੇ ਸਮਾਜ ਤੋਂ ਬੇਰੁਖ਼ੀ ਸ਼ਾਇਦ ਉਸ ਦੀ ਵਿਲੱਖਣ ਸੂਝ ਕਾਰਨ ਹੀ ਸੀ। ਇਸੇ ਸੋਚ ਅਤੇ ਵਿਲੱਖਣਤਾ ਕਾਰਨ ਹੀ ਜੀਵਨ ਵਿਚ ਉਸ ਨੂੰ ਅਣਗਿਣਤ ਤਲਖ਼ੀਆਂ ਦਾ ਸਾਹਮਣਾ ਵੀ ਕਰਨਾ ਪਿਆ। ਉਸ ਨੂੰ ਖ਼ੁਦ ਵੀ ਇਸ ਗੱਲ ਦਾ ਅਹਿਸਾਸ ਸੀ ਕਿ ਉਸ ਵਿਚ ਕੋਈ ਵਿਲੱਖਣਤਾ ਜ਼ਰੂਰ ਹੈ। ਕਵਿਤਾਵਾਂ ਵਿਚ ਉਸ ਦੇ ਨਿਵੇਕਲੇ ਅਨੁਭਵ ਦੀ ਤਰਜਮਾਨੀ



ਡਾ. ਸੰਦੀਪ ਰਾਣਾ

**ਭਾਵੇਂ ਪਾਸ਼ ਦੇ ਆਰਥਿਕ ਹਾਲਾਤ ਚੰਗੇ ਨਹੀਂ ਸਨ, ਫਿਰ ਵੀ ਉਸ ਨੇ 1976 ਵਿਚ ਦੁਬਾਰਾ ਪੜ੍ਹਾਈ ਸ਼ੁਰੂ ਕੀਤੀ ਤੇ ਦਸਵੀਂ, ਗਿਆਨੀ ਤੇ ਜੇਬੀਟੀ ਪਾਸ ਕੀਤੀ। ਜ਼ਿੰਦਗੀ ਜਿਊਣ ਲਈ ਲੋੜੀਂਦੇ...**

ਉਸ ਦੁਆਰਾ ਵਰਤੀ ਭਾਸ਼ਾ ਅਤੇ ਸ਼ਬਦਾਵਲੀ ਕਰਦੀ ਹੈ। ਠੰਢੇ-ਠੰਢੇ ਤਾਰੇ, ਚੁੱਪ-ਚਾਪ ਹਵਾ, ਸੋਗਮਈ ਚਾਂਦਨੀ, ਮੁਹੱਬਤ ਦਾ ਮੁਰਦਾ ਅਹਿਸਾਸ ਵਰਗੇ ਸ਼ਬਦ ਆਮ ਹੀ ਉਸ ਦੀਆਂ ਕਵਿਤਾਵਾਂ ਵਿਚ ਮਿਲਦੇ ਹਨ। ਇਸੇ ਪ੍ਰਭਾਵ ਹੇਠ ਡਾਇਰੀ ਦੇ ਇੰਦਰਾਜ ਵੀ ਉਸ ਦੀਆਂ ਕਵਿਤਾਵਾਂ ਵਾਂਗ ਹੀ ਕਾਵਿਕ ਹਨ: 'ਅੱਜ ਰਾਤ ਬਹੁਤ ਹਸੀਨ ਸੀ। ਰਾਤ ਭਰ ਰਾਤ ਨਾਲ ਗੱਲਾਂ ਕੀਤੀਆਂ। ਧਰਤੀ ਦੀ ਵਿਸ਼ਾਲ ਸੇਜ ਉੱਤੇ ਤਰੇਲ ਨੂੰ ਨਾਲ ਲੈ ਕੇ ਸੁੱਤੀ ਪਈ ਕਣਕ ਨਾਲ। ਚਾਨਣੀ ਨਾਲ ਰਸੀ ਪਈ ਟੋਕ ਦੇ ਢੇਰਾਂ ਨਾਲ। ਚੁੱਪਚਾਪ ਅਨਾਥ ਖੜ੍ਹੇ ਗੱਡਿਆਂ ਨਾਲ। ਨਿੱਘ ਅਤੇ ਠੰਢ ਵਿਚਕਾਰ ਸਰਹੱਦ ਬਣੀਆਂ ਛੰਨਾਂ ਨਾਲ। ਉਦਾਸ ਪਈਆਂ ਖੁਰਲੀਆਂ ਨਾਲ।

ਚਿਰਾਂ ਤੋਂ ਜਾਣੂ ਸਿਆਣੂ ਕਮਾਦਾਂ ਨਾਲ। ਸੁਖਾਵੀਂ ਭਾਅ ਮਾਰਦੀ ਰੇਤ ਨਾਲ। ਆਰਾਮ ਦੀ ਨੀਂਦ ਕਬਰਾਂ ਹੇਠ ਸੁੱਤੇ ਪਏ ਬਜ਼ੁਰਗਾਂ ਨਾਲ।' ਪਾਸ਼ ਨੇ ਆਪਣੀ ਡਾਇਰੀ 'ਚ ਉਨ੍ਹਾਂ ਅਨੁਭਵਾਂ ਤੇ ਉਨ੍ਹਾਂ ਲੋਕਾਂ ਬਾਰੇ ਦੱਸਿਆ ਹੈ ਜੋ ਅੱਗੇ ਚੱਲ ਕੇ ਉਸ ਦੀਆਂ ਕਵਿਤਾਵਾਂ ਦਾ ਵਿਸ਼ਾ ਬਣੇ ਹਨ। ਪਾਸ਼ ਨੇ ਚੇਤੰਨ ਰੂਪ ਵਿਚ ਸਵੈ-ਬਿੰਬ ਚਿਤਰਨ ਦੀ ਕੋਸ਼ਿਸ਼ ਨਹੀਂ ਕੀਤੀ। ਉਸ ਦੀ ਸੋਚ ਉਸ ਦੇ ਇੰਦਰਾਜਾਂ ਵਿੱਚੋਂ ਵੀ ਪ੍ਰਗਟ ਹੁੰਦੀ ਹੈ। ਉਹ ਆਪ ਤਾਂ ਆਪਣੇ-ਆਪ ਨੂੰ ਗੁਣਹੀਣ ਵਿਅਕਤੀ ਹੀ ਮੰਨਦਾ ਹੈ: 'ਰਚਨਾ ਸਭ ਤੋਂ ਵੱਡੀ ਹੋਣੀ ਹੈ।

ਹੋਰ ਕੁਝ ਵੀ ਏਡਾ ਬਲਵਾਨ ਨਹੀਂ। ਸਵਾਲ ਰਚਨਾ ਨੂੰ ਸਵੀਕਾਰ ਕਰਨ ਦਾ ਹੈ। ਜੋ ਕੁਝ ਕਿਸੇ ਤੋਂ ਸਵੀਕਾਰਿਆ ਨਹੀਂ ਜਾਂਦਾ, ਉਹੋ ਉਹਦੇ ਲਈ ਦੁੱਖ ਬਣ ਜਾਂਦਾ ਹੈ। ਮੇਰੇ ਰਾਹ ਵਿਚ ਬਹੁਤ ਸਾਰੇ ਟੁੱਟੇ-ਫੁੱਟੇ ਲੋਕ ਆਏ ਤੇ ਮੇਰੇ ਲਈ ਸਾਬਤਿਆਂ ਲੰਘ ਜਾਣਾ ਹੀ ਸਭ ਤੋਂ ਵੱਡਾ ਸੰਘਰਸ਼ ਰਿਹਾ ਹੈ। ਮੈਂ ਬੜੀ ਹੀ ਸਹਿਜ ਨਾਲ ਆਪਣੀਆਂ ਹੋਣੀਆਂ ਨੂੰ ਸਵੀਕਾਰ ਕਰ ਲਿਆ ਹੈ। ਮੈਂ ਦੁਖੀ ਬਹੁਤ ਘੱਟ ਹੁੰਦਾ ਹਾਂ ਤੇ ਖ਼ੁਸ਼ ਵੀ ਬੜਾ ਘੱਟ। ਮੈਂ ਉਹੋ ਕੁਝ ਹਾਂ ਜੋ ਕਿ ਮੈਂ ਨਹੀਂ ਹਾਂ। ਅਤੇ ਜੋ ਮੈਂ ਨਹੀਂ ਹਾਂ, ਉਹ ਮੇਰੀ ਰਚਨਾ ਨਹੀਂ ਹੈ, ਇਸ ਲਈ ਮੈਂ ਕਦੀ ਇਸ ਨੂੰ ਸਵੀਕਾਰ ਜਾਂ ਅਸਵੀਕਾਰ ਕਰਨ ਦਾ ਨਹੀਂ ਸੋਚਿਆ। ਮੈਨੂੰ ਸਭ ਤੋਂ ਚੰਗਾ ਕੌਣ ਲੱਗਦਾ ਹੈ। ਸ਼ਾਇਦ ਕੋਈ ਵੀ ਨਹੀਂ। ਸਭ ਤੋਂ ਚੰਗਾ ਸਿਰਫ਼ ਇਕ ਆਦਰਸ਼ ਹੈ, ਸੁਫ਼ਨਾ ਹੈ। ਚੰਗਾ ਹਰ ਕੋਈ ਹੁੰਦਾ ਹੈ। ਮੇਰੀ ਆਪਣੀ ਹੋਂਦ ਦੇ ਕਦੀ ਚੰਗਾ ਜਾਂ ਮਾੜਾ ਹੋਣ ਦੀ ਮਹੱਤਤਾ ਨਹੀਂ ਹੈ। ਮੇਰੀ ਹੋਂਦ ਸਿਰਫ਼ ਇਕ ਸ਼ੀਸ਼ਾ ਹੈ ਜਿਸ ਉੱਤੇ ਵਰ੍ਹਿਆਂ ਦੇ ਧੋਖਿਆਂ ਨਾਲ ਕਿਤੋਂ-ਕਤੋਂ ਪਾਣੀ ਉਤਰ ਗਿਆ ਹੈ। ਮੈਂ ਅਜੇ ਵੀ ਲੋਕਾਂ ਦੇ ਚਿਹਰਿਆਂ ਨੂੰ ਚੰਗੀ ਤਰ੍ਹਾਂ ਪ੍ਰਤੀਬਿੰਬਤ ਕਰਨ ਦੀ ਕੋਸ਼ਿਸ਼ 'ਚ ਹਾਂ।' ਸਾਹਿਤ ਰਚਨਾ ਨੂੰ ਉਹ ਆਪਣੀ ਸੋਚ, ਆਪਣੀ ਵਿਚਾਰਧਾਰਾ ਨੂੰ ਆਮ ਲੋਕਾਂ ਤਕ ਪਹੁੰਚਾਉਣ ਦਾ ਢੰਗ ਮੰਨਦਾ ਹੈ।

ਕਿਤਾਬਾਂ ਦੀ ਗਿਣਤੀ ਵਧਾਉਣ ਲਈ ਲਿਖਣਾ ਅਤੇ ਕੇਵਲ ਨਾਮ ਦੇ ਸਾਹਿਤਕਾਰ ਅਖਵਾਉਣਾ ਉਸ ਨੂੰ ਮੰਜ਼ੂਰ ਨਹੀਂ ਸੀ। ਕਿਤਾਬਾਂ ਨੂੰ ਰਿਲੀਜ਼ ਕਰਨਾ ਤੇ ਸਿਰਫ਼ ਮਸ਼ਹੂਰੀ ਲਈ ਸਮਾਗਮ ਰਚਣ ਨੂੰ ਉਹ ਸ਼ਖ਼ਸੀਅਤ ਦਾ ਬੌਣਾਪਨ ਮੰਨਦਾ ਸੀ। ਉਹ ਆਪਣੀ ਡਾਇਰੀ ਵਿਚ ਇਸ ਵਿਚਾਰਧਾਰਾ ਨੂੰ ਅਪਨਾਉਣ ਅਤੇ ਸਾਹਿਤਕ ਰਚਨਾ ਦੇ ਢੰਗਾਂ ਬਾਰੇ ਵਿਚਾਰ ਸਾਂਝੇ ਕਰਦਾ ਹੈ ਕਿ ਲੋਕ ਉਸ ਬਾਰੇ ਇਹੀ ਸਮਝਦੇ ਹਨ ਕਿ ਉਸ ਦੀ ਕਾਵਿ ਰਚਨਾ ਦੀ ਸੀਮਾ ਸਿਰਫ਼ ਨਕਸਲੀ ਲਹਿਰ ਤਕ ਹੀ ਹੈ। ਉਹ ਇਸ ਵਿਚ ਸੱਚਾਈ ਵੀ ਮੰਨਦਾ ਹੈ ਅਤੇ ਖ਼ੁਸ਼ੀ ਪ੍ਰਗਟ ਕਰਦਾ ਹੈ ਕਿ ਰਚਨਾ ਅਤੇ ਸਾਹਿਤਕ ਸ਼ਖ਼ਸੀਅਤ ਦੇ ਪੱਖੋਂ ਉਹ ਇੰਨਾ ਬੌਣਾ ਨਹੀਂ। ਉਸ ਨੇ ਕਿਤਾਬਾਂ ਰਿਲੀਜ਼ ਕਰਨਾ ਅਤੇ ਸਮਾਗਮ ਰਚਣਾ ਆਦਿ ਦਾ ਸਾਹਿਤ ਰਚਨਾ ਨਾਲ ਕੋਈ ਸਬੰਧ ਨਹੀਂ ਸਮਝਿਆ ਤੇ ਉਸ ਦੀ ਇਹ ਸੋਚ ਉਸ ਦੇ ਮਿੱਤਰ ਕਵੀ ਅਮਿਤੋਜ ਦੇ ਪ੍ਰਭਾਵ ਹੇਠ ਹੀ ਸੀ।

ਉਹ ਹਮੇਸ਼ਾ ਆਪਣੇ ਗੁਣਾਂ-ਔਗੁਣਾਂ ਦੀ ਥਾਹ ਪਾਉਣ ਲਈ ਵਿਚਾਰਧਾਰਾ ਦਾ ਹੋਣਾ ਜ਼ਰੂਰੀ ਸਮਝਦਾ ਸੀ। ਉਸ ਲਈ ਵਿਚਾਰਧਾਰਾ ਤੋਂ ਅੱਡ ਹੋ ਕੇ ਪੜਚੋਲ, ਵਿਸ਼ਲੇਸ਼ਣ ਅਤੇ ਮੁਲਾਂਕਣ ਦਾ ਕਾਰਜ ਸੰਭਵ ਨਹੀਂ ਹੋ ਸਕਦਾ ਹੈ। ਆਪਣੇ ਸੁਭਾਅ ਦੀ ਵਿਲੱਖਣਤਾ ਕਾਰਨ ਪਾਸ਼ ਧਰਮ ਨੂੰ ਮਨ ਦਾ ਬੋਝ ਮੰਨਦਾ ਹੈ ਅਤੇ ਆਪਣੀ ਡਾਇਰੀ ਵਿਚ ਗੁਰਦੁਆਰੇ ਵਿਚ ਸਿਰਫ਼ ਵਿਖਾਵੇ ਲਈ ਆਈਆਂ ਔਰਤਾਂ ਅਤੇ ਮਰਦਾਂ 'ਤੇ ਵਿਅੰਗ ਕੱਸਦਾ ਹੈ। ਉਹ ਸਮਾਜ ਵਿਚ ਫੈਲੇ ਗ਼ਲਤ ਸਮਾਜਿਕ, ਧਾਰਮਿਕ ਤੇ ਰਾਜਨੀਤਕ ਵਰਤਾਰਿਆਂ ਨੂੰ ਭੰਡਦਾ ਹੈ। ਇਸ ਤਰ੍ਹਾਂ ਇਹ ਡਾਇਰੀ ਪਾਸ਼ ਦੇ ਵਿਅਕਤੀਤਵ ਨੂੰ ਜਾਣਨ ਲਈ ਇਕ ਨਿੱਜੀ ਦਸਤਾਵੇਜ਼ ਹੋ ਨਿੱਬੜਦੀ ਹੈ ਜਿਸ ਤੋਂ ਉਸ ਦੀ ਸੋਚ, ਸ਼ਖ਼ਸੀਅਤ ਅਤੇ ਵਿਚਾਰਧਾਰਾ ਦੇ ਦਰਸ਼ਨ ਸਹਿਜੇ ਹੀ ਹੋ ਜਾਂਦੇ ਹਨ।

**-(ਯੂਨੀਵਰਸਿਟੀ ਸਕੂਲ ਆਫ ਬਿਜ਼ਨਸ ਸਟੱਡੀਜ਼, ਪੰਜਾਬੀ ਯੂਨੀਵਰਸਿਟੀ ਕੈਂਪਸ, ਤਲਵੰਡੀ ਸਾਬੋ)।**

-ਮੋਬਾਈਲ : 98728-87551

# The

# Beginning…